*Quest Journals*
*Journal of Research in Humanities and Social Science*
*Volume 9 ~ Issue 5 (2021)pp: 24-31*
*ISSN(Online):2321-9467*
www.questjournals.org

**Research Paper**

# ਅਮਰਜੀਤ ਕੌਂਕੇ ਦੀ ਕਵਿਤਾ ਵਿੱਚ ਨਾਰੀ ਸੰਵੇਦਨਾ ਦੇ ਵਿਭਿੰਨ ਪਾਸਾਰ

---

*Received 28 April, 2021; Revised: 10 May, 2021; Accepted 12 May, 2021 © The author(s) 2021. Published with open access at www.questjournals.org*

ਸਮਕਾਲੀ ਪੰਜਾਬੀ ਕਾਵਿ ਜਗਤ ਵਿੱਚ ਅਮਰਜੀਤ ਕੌਂਕੇ ਇੱਕ ਸਥਾਪਿਤ ਨਾਮ ਹੈ। ਉਸਦੀ ਕਵਿਤਾ ਦਾ ਸਹਿਜ ਉਸਦੀ ਮਕਬੂਲੀਅਤ ਅਤੇ ਸਥਾਪਤੀ ਨਿਸ਼ਚਤ ਕਰਦਾ ਹੈ। ਉਸਦੀ ਕਵਿਤਾ ਦਾ ਅਧਾਰ ਬਿੰਦੂ ਜਿਥੇ ਵੱਖ-ਵੱਖ ਵਸਤੂ ਵਰਤਾਰੇ ਹਨ ਉਥੇ ਨਾਰੀ ਸੰਵੇਦਨਾ ਨੂੰ ਵੀ ਉਸ ਦੀ ਕਵਿਤਾ ਵਿੱਚ ਭਰਵੀਂ ਸਪੇਸ ਮਿਲੀ ਹੈ। ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਕਵੀ ਦੀ ਹਰ ਸਿਮਰਤੀ ਆਪਣਾ ਪਾਸਾਰ ਤੇ ਰੂਪ ਤਲਾਸ਼ਦੀ ਹੈ ਅਤੇ ਕੌਂਕੇ ਕਾਵਿ ਵਿਚਲੀ ਨਾਰੀ ਸੰਵੇਦਨਾ ਇਹਨਾਂ ਸਿਮਰਤੀਆਂ ਦਾ ਹੀ ਸਥੂਲ ਰੂਪ ਹੈ। ਹੁਣ ਤੱਕ ਉਸ ਨੇ ਛੇ ਕਾਵਿ ਸੰਗ੍ਰਹਿ ਪਾਠਕਾਂ ਦੀ ਝੋਲੀ ਪਾਏ ਹਨ। ਜੇਕਰ ਵਿਸ਼ਲੇਸ਼ਣ ਦੇ ਪੱਖ ਤੋਂ ਗੱਲ ਕੀਤੀ ਜਾਵੇ ਤਾਂ ਪੁਸਤਕ ਦਰ ਪੁਸਤਕ ਉਸ ਦੀ ਨਾਰੀ ਸੰਵੇਦਨਾ ਦਾ ਸਰੂਪ ਸਮੇਂ ਅਤੇ ਪ੍ਰਸਥਿਤੀਆਂ ਮੁਤਾਬਾਕ ਬਦਲਦਾ ਰਿਹਾ ਹੈ। ਉਸ ਨੇ ਆਪਣੀ ਸੰਵੇਦਨਾ ਨੂੰ ਸਮੂਹਿਕ ਸੰਵੇਦਨਾ ਦਾ ਹਮਸਫ਼ਰ ਬਣਾ ਲਿਆ। ਗਰੀਬੀ ਦੇ ਝੰਬੇ ਹੋਏ ਨੂੰ ਕਵਿਤਾ ਨੇ ਤਲਾਸ਼ ਲਿਆ ਅਤੇ ਉਹ ਜ਼ਿੰਦਗੀ ਦੀ ਬਹੁਰੰਗਤਾ ਚੋਂ ਗੁਜਰਦਾ ਹੋਇਆ ਕਵਿਤਾ ਨੂੰ ਆਪਣਾ ਪੂਰਕ ਬਣਾ ਬੈਠਾ। ਇਸੇ ਕਵਿਤਾ ਦੀ ਦਰਗਾਹ ਤੇ ਆਪਣੀਆਂ ਸੰਵੇਦਨਾਵਾਂ ਦਾ ਆਪਣੇ ਵਜੂਦ ਦੀਆਂ ਸੀਮਾਵਾਂ ਸੰਗ ਸੰਵਾਦ ਰਚਾਉਂਦਾ ਹੀ ਅਮਰਜੀਤ ਕੌਂਕੇ ਇੱਕ ਦਿਨ 'ਨਿਰਵਾਣ ਦੀ ਤਲਾਸ਼ ਵਿੱਚ' ਨਿਕਲ ਤੁਰਿਆ। ਉਸ ਦੀਆਂ ਕਵਿਤਾਵਾਂ ਦਾ ਸੱਚ ਸਮੇਂ/ਸਥਾਨ ਅਤੇ ਹਲਾਤਾਂ ਦੀ ਦੇਣ ਹੈ।

ਉਸ ਦੀ ਨਾਰੀ ਸੰਵੇਦਨਾ ਵਿੱਚ ਰਿਸ਼ਤਿਆਂ ਦਾ ਨਿੱਘ ਤਰੇੜਾਂ, ਉਦਾਸੀਆਂ ਤੇ ਪਰੇਸ਼ਾਨੀਆਂ ਜਿਹੇ ਅਹਿਸਾਸ ਉਸ ਦੇ ਅੰਗ ਸੰਗ ਹੋ ਤੁਰਦੇ ਹਨ। ਕੌਂਕੇ ਕਾਵਿ ਦੀਆਂ ਨਾਇਕਾਵਾਂ ਇਹਨਾਂ ਵਰਤਾਰਿਆਂ ਦੀ ਨਿਰੰਤਰਤਾ ਨੂੰ ਸਿਰਫ ਭੋਗਦੀ ਹੀ ਨਹੀ ਸਗੋਂ ਇਹਨਾਂ ਵਿਚੋਂ ਜੀਵਨ ਜਿਉਣ ਦੀ ਚਿਣਗ ਵੀ ਮਹਿਸੂਸਦੀਆਂ ਹਨ। ਨਾਰੀ ਸੰਵੇਦਨਾ ਦੇ ਪੱਖ ਤੋਂ ਕੌਂਕੇ ਕਾਵਿ ਦੀ ਨਾਰੀ, ਪਿਤਰਕੀ ਪ੍ਰਬੰਧ ਦੀ ਸਮਰਥਕ, ਐਂਟੀ ਪਿਤਰਕੀ ਕਸ਼ਮਕਸ਼ ਵਿੱਚ ਫਸੀ ਅਤੇ ਕਈ ਥਾਂਈ ਦੇਹੀ ਸਰੋਕਾਰਾਂ ਵਿੱਚ ਉਲਝੀ ਨਜ਼ਰ ਆਉਂਦੀ ਹੈ। ਪ੍ਰੰਪਰਕ ਨਾਰੀ ਦੀ ਤ੍ਰਾਸਦੀ ਵਿਪਰੀਤ ਹਲਾਤਾਂ ਦੇ ਬਾਵਜੂਦ ਸੰਘਰਸ਼ ਸੀਲ ਅਤੇ ਵਿਚਲਿਤ ਨਾਰੀ ਦੀ ਜਿਗਿਆਸਾ ਜਿਹੇ ਵਿਸ਼ੇ ਕੌਂਕੇ ਨਾਰੀ ਸੰਵੇਦਨਾ ਦੇਣ ਆਧਾਰ ਬਿੰਦੂ ਹਨ। ਉਸ ਦੀ ਕਵਿਤਾ ਦਾ ਅਜਿਹਾ ਮੁਹਾਂਦਰਾ ਕਿਸੇ ਗਿਣੀ-ਮਿੱਥੀ ਕੋਸ਼ਿਸ਼ ਦਾ ਨਤੀਜਾ ਨਹੀਂ ਹੈ ਬਲਿਕ ਜਿੰਦਗੀ ਨੂੰ ਪਛਾਨਣ, ਮਾਨਣ ਅਤੇ ਹਰ ਸਥਿਤੀ ਸਨਮੁੱਖ ਆਪਣਾ ਆਪਾ ਲੈ ਕੇ ਖੜੇ ਹੋਣ ਦਾ ਉਸਦਾ ਆਪਣਾ ਨਿਵੇਕਲਾ ਅੰਦਾਜ ਹੈ। ਨਾਰੀ ਸੰਵੇਦਨਾ ਦੀ ਦ੍ਰਿਸ਼ਟੀ ਤੋਂ ਉਸਦਾ ਇਹੀ ਅੰਦਾਜ ਕਿਤੇ ਹਾਂ ਪੱਖੀ ਅਤੇ ਕਿਤੇ ਨਾਂਹ ਪੱਖੀ ਜੀਵਨ ਦ੍ਰਿਸ਼ਟੀ ਦੀ ਨਿਸ਼ਾਨ ਦੇਹੀ ਕਰਦਾ ਹੈ। ਉਸ ਦੀ ਸਮੁੱਚੀ ਕਾਵਿ ਸਿਜਰਣਾ ਇਹ ਅਹਿਸਾਸ ਸਿਰਜਦੀ ਹੈ ਕਿ ਕਵੀ ਨੇ ਨਾਰੀ ਦੇ ਅਵਚੇਤਨ ਦੀ ਥਾਹ ਪਾ ਲਈ ਹੈ। ਉਸ ਦੀ ਕਵਿਤਾ ਵਿੱਚ ਨਾਰੀ ਦੇ ਵਿੰਭਿੰਨ ਰੂਪ ਦ੍ਰਿਸ਼ਟੀਗਤ ਹਨ। ਇਹ ਨਾਰੀ ਮਾਂ,ਧੀ,ਪਤਨੀ ਅਤੇ ਮਹਿਬੂਬ ਦੇ ਰੂਪ ਵਿੱਚ ਪੇਸ਼ ਹੋਈ ਹੈ। ਕਿਤੇ ਉਸ ਦੀਆਂ ਕਵਿਤਾਵਾਂ ਵਿਚਲੀ ਸੰਵੇਦਨਾ ਮਹਿਜ 'ਸੈਲੀਬ੍ਰੇਸ਼ਨ' ਤੱਕ ਸੀਮਿਤ ਨਜ਼ਰ ਆਉਂਦੀ ਹੈ ਅਤੇ ਕਈ ਥਾਂਈ ਇਹ ਸੰਵੇਦਨਾ ਬਹੁ-ਪਾਸਰੀ, ਬਹੁ-ਦਿਸ਼ਾਵੀ ਹੋ ਕੇ ਕੁਲ ਕਾਇਨਾਤ ਦੇ ਕੈਨਵਸ ਤੇ ਫੈਲਦੀ ਨਜ਼ਰ ਪੈਂਦੀ ਹੈ।

ਅਮਰਜੀਤ ਕੌਂਕੇ ਦੇ ਪਹਿਲੇ ਦੋ ਕਾਵਿ ਸੰਗ੍ਰਹਿ ਵਿੱਚ ਮਾਂ ਅਚੇਤ/ਸੁਚੇਤ ਉਸ ਦੇ ਨਾਲ ਤੁਰਦੀ ਹੈ। ਪੰਰਪਰਾ ਵਿੱਚ ਬੱਝੀ ਤ੍ਰਾਸਦੀ ਭੋਗਦੀ ਮਾਂ ਹਸ਼ਿਆਗਤ ਜੀਵਨ ਬਿਤਾ ਰਹੀ ਹੈ। ਮਾਂ ਉਸ ਲਈ ਘਰ ਨੂੰ ਇੱਕ ਸੂਤਰ ਵਿੱਚ ਬੰਨ ਕੇ ਰੱਖਣ ਦਾ ਜ਼ਰੀਆ ਹੈ। ਮਾਂ ਦੇ ਦਰਦ ਰਾਂਹੀ ਕਵੀ ਨੇ ਹਰ ਉਸ ਨਾਰੀ ਦੀ ਸਥਿਤੀ ਨੂੰ ਬਿਆਨਣ ਦਾ ਯਤਨ ਕੀਤਾ ਹੈ ਜੋ ਮਰਦ ਪ੍ਰਭੁਸਤਾ ਵਾਲੇ ਪਰਿਵੇਸ਼ ਵਿੱਚ ਦੁਜੈਲੇ ਦਰਜੇ ਦਾ ਜੀਵਨ ਬਿਤਾ ਰਹੀ ਹੈ।

ਇਸ ਘਰ ਦੀਆਂ ਨੀਹਾਂ 'ਚ
ਮਾਂ ਦੇ ਅਥਰੂ ਨੇ

*Corresponding Author: XXXXXXXXXXXX

ਮਾਂ ਨੇ ਦਿੱਤੇ ਨੇ ਪੂਣੀਆਂ ਦੇ ਹਿਸਾਬ
ਤੇ ਉਂਗਲਾਂ ਦੀਆਂ
ਪੱਕੀਆਂ ਕੋਰਾਂ ਸੰਗ ਪੋਤੇ ਨੇ
ਸਹੁਰੇ ਘਰ 'ਚ ਕੱਪੜੇ

(ਨਿਰਵਾਣ ਦੀ ਤਲਾਸ਼ 'ਚ)

ਮਾਂ ਦੀ ਸਥਿਤੀ ਨੂੰ ਬਿਆਨਦਾ ਕਵੀ 'ਮਾਂ' ਦੇ ਸਰੂਪ ਨੂੰ ਕੁੱਲ ਨਾਰੀ ਦੇ ਆਦਰਸ਼ ਵਜੋਂ ਸਥਾਪਿਤ ਕਰਦਾ ਨਜ਼ਰ ਆਉਂਦਾ ਹੈ। ਕੌਂਕੇ-ਕਾਵਿ ਵਿੱਚ ਪ੍ਰਚਲਿਤ ਸੰਸਕਾਰਾਂ ਦਾ ਦੁਹਰਾਓ ਇਹ ਸਿੱਧ ਕਰਦਾ ਹੈ ਕਿ ਕਵੀ ਨਾਰੀ ਸੰਵੇਦਨਾ ਦੇ ਉਹਨਾਂ ਜੀਵੰਤ ਪਾਸਾਰਾਂ ਤੋਂ ਵਾਕਿਫ ਹੈ ਜਿਸ ਵਿੱਚ ਬੱਝੀ ਨਾਰੀ ਘੁੱਟਵੇਂ ਮਾਹੌਲ ਵਿੱਚ ਜ਼ਿੰਦਗੀ ਬਤੀਤ ਕਰ ਰਹੀ ਹੈ। ਮਾਂ ਲਈ ਸੱਤ ਕਵਿਤਾਵਾਂ ਨਾਰੀ ਦੀ ਘਰ,ਪਿਆਰ ਅਤੇ ਪਰਿਵਾਰ ਪ੍ਰਤੀ ਵਚਨਬੱਧਤਾ ਨੂੰ ਦ੍ਰਿੜ ਕਰਾਂਉਦੀਆਂ ਕਵਿਤਾਵਾਂ ਹਨ। 'ਮਾਂ' ਤੋਂ ਬਿਨਾਂ ਘਰ ਦਾ ਸੱਖਣਾਪਣ ਉਹ 'ਮੈਂ ' ਰਾਂਹੀ ਵਿਅਕਤ ਕਰਦਾ ਹੈ। ਜਦੋਂ ਉਹ ਆਪਣੀ ਨਿਜੱਤਾ ਨੂੰ 'ਘਰ' ਦੀ ਦ੍ਰਿਸ਼ਟੀ ਤੋਂ ਚਿਤਵਦਾ ਹੈ ਤਾਂ ਕਵਿਤਾ ਵਿੱਚ 'ਮਾਂ' ਆਪ-ਮੁਹਾਰੇ ਆ ਬੈਠਦੀ ਹੈ। ਭਾਵੇਂ ਕੌਂਕੇ ਕਾਵਿ ਵਿਚਲੀ 'ਮਾਂ' ਮੌਤ ਨੂੰ ਪਰਣਾਂਈ ਹੋਈ ਹੈ ਪਰ ਫਿਰ ਵੀ ਉਸ ਨੇ ਆਪਣੇ ਬਾਲ ਦੀ ਉਂਗਲ ਕੱਸ ਕੇ ਪਕੜੀ ਹੋਈ ਹੈ। ਇਹੀ ਕਸਕ ਕੌਂਕੇ ਦੀ ਕਾਵਿ-ਸਿਰਜਣਾ ਦਾ ਆਧਾਰ ਹੈ। ਅਮਰਜੀਤ ਕੌਂਕੇ ਦੀ ਕਵਿਤਾ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਨਾਰੀ ਨੂੰ 'ਸੈਕਿੰਡ ਸੈਕਸ' ਦੀ ਜਗ੍ਹਾ,ਮਾਨਵੀਂ ਅਸਤਿਤਵ ਮੰਨਦਾ ਹੈ। ਬੇਸ਼ਕ ਸਾਡੀ ਸਮਾਜਿਕ ਸਥਿਤੀ ਵਿੱਚ ਮਰਦ ਨੂੰ ਜੋ ਰੁਤਬਾ ਹਾਸਿਲ ਹੈ ਉਸ ਕਾਰਨ ਉਹ ਦੋਸ਼ੀ ਹੋਣ ਦੇ ਬਾਵਜੂਦ ਵੀ ਨਿਰਦੋਸ਼ ਰਹਿੰਦਾ ਹੈ ਅਤੇ ਨਾਰੀ ਨਿਰਦੋਸ਼ ਹੋਣ ਦੇ ਬਾਵਜੂਦ ਵੀ ਨਾਰੀ ਹੋਣ ਕਾਰਨ ਮਰਦ ਦੇ ਦੋਸ਼ਾ ਦੀ ਸਜਾ ਭੁਗਤਦੀ ਹੈ। ਕੌਂਕੇ ਕਾਵਿ ਦੀਆਂ ਨਾਇਕਾਵਾਂ ਆਪਣੀ ਹੱਡੀ ਇਹਨਾਂ ਇਤਿਹਾਸਕ ਸਥਿਤੀਆਂ ਦੇ ਅਮਾਨਵੀਂ ਸੰਤਾਪ ਨੂੰ ਹੰਢਾਉਦੀਆਂ ਸਭਿਆਚਾਰ ਦੀ ਲਿੰਗਕ ਰਾਜਨੀਤੀ (Gender Politics) ਨੂੰ ਉਭਾਰਦੀਆਂ ਹਨ। ਇਹਨਾਂ ਅਵਦਿੱਸਦੇ ਨਾਰੀ ਵਿਰੋਧੀ ਵਰਤਾਰਿਆਂ ਦੀ ਪਛਾਣ ਕੌਂਕੇ ਦੀ ਨਾਰੀ ਸੰਵੇਦਨਾ ਦਾ ਹਾਸਿਲ ਹੈ।

ਸਮੇਂ ਅਤੇ ਪ੍ਰਸਸਥਿਤੀਆਂ ਕਾਰਨ ਜਦੋਂ ਮਨੁੱਖੀ ਰਿਸ਼ਤੇ ਪੂੰਜੀਵਾਦੀ ਅਰਥਚਾਰੇ ਦੀ ਭੇਟ ਚੜਦੇ ਹਨ ਤਾਂ ਇਹਨਾਂ ਦੇ ਪ੍ਰਭਾਵਾਂ ਤੋਂ ਕੋਈ ਵੀ ਲੇਖਕ ਅਭਿੱਜ ਨਹੀਂ ਰਹਿ ਸਕਦਾ। ਮਾਂ-ਪੁੱਤ ਦਾ ਰਿਸ਼ਤਾ ਵੀ ਇਸ ਅਰਥਚਾਰੇ ਦੀ ਭੇਟ ਚੜਦਾ ਮਹਿਸੂਸ ਹੁੰਦਾ ਹੈ ਜਿਥੇ ਮਾਂ-ਪੁੱਤ ਦਾ ਪਿਆਰ ਸਿਰਫ ਗਰਜ਼ਾਂ ਤੱਕ ਸੀਮਿਤ ਹੋ ਕੇ ਰਹਿ ਗਿਆ ਜਾਪਦਾ ਹੈ। ਭਾਵਨਾਂ ਦੀ ਜਗ੍ਹਾ ਪਦਾਰਥ ਦਾ ਪ੍ਰਭਾਵ ਵਧੇਰੇ ਝਲਕਦਾ ਹੈ-

ਮੈਂ ਕਾਹਲੀ ਕਾਹਲੀ
ਮਾਂ ਦੀਆਂ ਸੁੱਕ ਰਹੀਆਂ ਤਲੀਆਂ ਤੇ
ਕੁਝ ਕੁ ਸਿੱਕੇ ਟਿਕਾਵਾਂ

(ਸਿਮਰਤੀਂਆ ਦੀ ਲਾਲਟੈਣ)

ਸਮਾਜਿਕ ਯਥਾਰਥ ਦੇ ਨਿਗਰ ਬਿੰਬ ਕੌਂਕੇ-ਕਾਵਿ ਦਾ ਸਰਮਾਇਆ ਹਨ। ਕਵੀ ਨੂੰ ਸੰਸਕਾਰਾਂ ਵਿੱਚ ਬੱਝੀ ਨਾਰੀ ਕਿਤੇ 'ਸ਼ਿਲਾ' ਹੋ ਗਈ ਜਾਪਦੀ ਹੈ ਅਤੇ ਕਿਤੇ ਉਸ ਦੀਆਂ ਮਹਿੰਦੀ ਰੰਗੀਆਂ ਤਲੀਆਂ ਨੂੰ ਆਜਾਦੀ ਦੇ ਮਸਲੇ ਨਾਲ ਜੋੜ ਕੇ ਨਵੀਆਂ ਸੰਭਾਵਨਾਵਾਂ ਪੈਦਾ ਕਰਦਾ ਹੈ

ਉਸ ਦੀਆਂ ਮਹਿੰਦੀ ਰੰਗੀਆਂ ਤਲੀਆਂ ਨੂੰ ਵੇਖ ਕੇ
ਮੈਂ ਚਾਹਿਆ
ਕਿ ਦੁਨੀਆਂ ਦੀਆਂ ਸਾਰੀਆਂ ਤਲੀਆਂ
ਹੋਰ ਸੋਹਣੀ ਤੇ ਰੰਗੀਨ ਬਣ ਸਕੇ......

ਕਵੀ ਲਈ ਨਾਰੀ ਦੀ ਵਸਤ ਵਿੱਚ ਵਟ ਗਈ ਹੋਂਦ ਅਤੇ ਆਜਾਦੀ ਦਾ ਮਸਲਾ ਅਹਿਮ ਹੈ। ਉਸਨੇ ਨਾਰੀ ਦੇ ਸਾਥ ਨੂੰ ਸਦੀਵੀਂ ਮੰਨ ਕੇ ਉਸ ਨੂੰ ਪੁਰਸ਼ ਦੇ ਪੂਰਕ ਵਜੋਂ ਮੰਨਿਆ ਹੈ:

ਅਸੀ ਆਦਿ ਜ਼ੁਗਾਦਿ ਤੋਂ
ਇੱਕ ਦੂਜੇ ਬਿਨ ਅਧੂਰੇ

(ਪਿਆਸ)

ਅਕਸਰ ਕਿਹਾ ਜਾਂਦਾ ਹੈ ਕਿ ਔਰਤ ਦਾ ਜੀਵਨ ਦ੍ਰਿਸ਼ਟੀ ਕੋਣ ਮਰਦ ਦੇ ਸੰਦਰਭ ਵਿੱਚ ਤਹਿ ਹੁੰਦਾ ਹੈ ਪਰੰਤੂ ਕੌਂਕੇ ਦੀ ਕਵਿਤਾ ਜੀਵਨ ਦ੍ਰਿਸ਼ਟੀਕੋਣ ਦੀ ਇਸ ਸਮੀਕਰਨ ਨੂੰ ਉਲਟਾਉਂਦੀ ਨਜ਼ਰ ਆਉਂਦੀ ਹੈ।

ਤੇਰੇ ਕੋਲ ਤੁਰ ਆਉਣ ਮਗਰੋਂ

ਮੈਂ ਕਦ ਸੋਚਿਆ ਸੀ
ਕਿ ਮੇਰੇ ਕਦਮ ਪੈ ਜਾਣਗੇ ਵਾਵਰੋਲਿਆਂ ਦੀ ਜੂਨ
ਤੇ ਮਾਰੂਥਲ ਹੋ ਜਾਣਗੇ ਮੇਰੇ ਮੱਥੇ ਦੇ ਨਸੀਬ

(ਨਿਰਵਾਣ ਦੀ ਤਲਾਸ਼ 'ਚ)

ਅਮਰਜੀਤ ਕੌਂਕੇ ਦੀ ਕਵਿਤਾ ਰਵਾਇੰਤੀ ਕਦਰਾ-ਕੀਮਤਾਂ ਨੂੰ ਮੂਲੋਂ ਹੀ ਤਬਦੀਲ ਕਰਨ ਦੀ ਇਛੁੱਕ ਨਹੀਂ ਬਲਕਿ ਸੰਕੀਰਨ ਮਾਨਸਿਕਤਾ ਨੂੰ ਬਦਲਣ ਦੀ ਚਾਹਵਾਨ ਹੈ। ਸ਼ਾਇਦ ਇਸੇ ਲਈ ਉਸ ਦੀ ਪ੍ਰਤੀਬੱਧਤਾ ਸੀਮਤ ਅਤੇ ਸੌੜੀ ਸੋਚ ਦੇ ਸਦਾ ਵਿਰੋਧ ਵਿੱਚ ਰਹੀ ਹੈ। ਉਹ ਨਾਰੀ ਨੂੰ ਵਸਤ ਵਾਂਗ ਨਹੀਂ ਵਿਚਾਰਦਾ। ਉਸ ਦੇ ਮਾਨਵੀ ਅਸਤਿਤਵ ਦਾ ਸਮਰਥਕ ਹੀ ਨਹੀਂ, ਰੱਖਿਅਕ ਬਣਨ ਦਾ ਕਾਮਨਾ ਵੀ ਕਰਦਾ ਹੈ। ਹਾਸੀਅਗਤ ਔਰਤਾਂ (ਬੱਸ 'ਚ ਗੀਤ ਗਾਂਉਦੀ ਕੁੜੀ) ਦੀ ਸਥਿਤੀ ਤੇ ਰੁਦਨ ਨਹੀਂ ਕਰਦਾ ਬਲਕਿ ਉਸ ਦੀ ਸਥਿੱਤੀ ਤੇ ਸੰਤੁਸ਼ਟੀ ਵਿਅਕਤ ਕਰਦਾ ਹੈ ਕਿ ਸਮਾਜ ਵਿੱਚ ਉਹ (ਕੁੜੀ) 'ਟਰੈਜਿਕ ਫਿਗਰ' ਦੇ ਰੂਪ ਵਿੱਚ ਪਰਿਭਾਸ਼ਤ ਨਹੀਂ ਹੋ ਰਹੀ।

ਉਸ ਨੂੰ ਆਪਣੇ ਗੀਤ ਤੇ ਕਿੰਨਾਂ ਭਰੋਸਾ ਹੈ
.................................................
ਅਸਾਨੀ ਨਾਲ ਇਸ ਤੋਂ ਵਧੇਰੇ
ਪੈਸੇ ਮਿਲ ਸਕਦੇ ਹਨ........................

ਕੌਂਕੇ-ਕਾਵਿ ਰਿਸ਼ਤਿਆਂ ਦੇ ਯਥਾਰਾਥ ਦਾ ਪ੍ਰਵਚਨ ਹੈ। ਉਹ ਭਾਵੁਕ ਨਹੀਂ ਹੁੰਦਾ ਬਲਕਿ ਯਥਾਰਥਵਾਦੀ ਦ੍ਰਿਸ਼ਟੀ ਰਾਂਹੀ ਹਰ ਉਸ ਵਰਤਾਰੇ ਦੀ ਪੁਣ-ਛਾਣ ਕਰਦਾ ਹੈ ਜਿਸ ਦੇ ਭਉ ਵਿੱਚ ਨਾਰੀ ਵਿਚਰ ਰਹੀ ਹੈ। ਕਵੀ ਨਾਰੀ ਸੱਸਿਆ ਨੂੰ ਨਿੱਜਵਾਦ ਤੋਂ ਚੁਕ ਕੇ ਸਮੂਹ ਤੱਕ ਫੈਲਾਉਂਦਾ ਹੈ।

ਅਮਰਜੀਤ ਕੌਂਕੇ ਦੀਆਂ ਕਵਿਤਾਵਾਂ ਵਿੱਚ ਆਦਰਸ਼ ਪਤਨੀ ਆਪਣੇ ਪੂਰੇ ਜਲੋਅ ਸਹਿਤ ਸਨਮੁੱਖ ਹੁੰਦੀ ਹੈ। ਕਵੀ ਨੂੰ ਉਸ ਤੇ ਅੰਤਾ ਦਾ ਵਿਸ਼ਵਾਸ ਹੈ ਅਤੇ ਉਹ ਚਾਹੁੰਦਾ ਹੈ ਕਿ ਉਸ ਦੀ ਪਤਨੀ ਉਸ ਨੂੰ ਫੇਰ ਤੋਂ ਨਵੀਂ ਦਿਸ਼ਾ ਵੱਲ ਲਿਜਾ ਸਕਦੀ ਹੈ-

ਖਿੱਚ ਲੈ ਮੇਰੇ ਅੰਦਰੋਂ
ਸਾਰੇ ਫਲਸਫਿਆਂ ਦੀ ਧੂੜ
ਬਣਾ ਦੇ ਮੈਨੂੰ
ਇੱਕ ਵਾਰ ਫਿਰ ਤੋਂ
ਨਵਾਂ-ਨਕੋਰ......

ਉਹ ਸਮਾਜ ਵਿੱਚ ਵਿਚਰਦਾ ਹੋਇਆ ਸਮਾਜਿਕ ਕਦਰਾਂ-ਕੀਮਤਾਂ ਅਤੇ ਸਮਾਜਿਕ ਸਰੋਕਾਰਾਂ ਪ੍ਰਤੀ ਉਦਾਸ ਨਹੀਂ ਹੁੰਦਾ ਸਗੋਂ ਆਸ਼ਾਵਾਦੀ ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਉਸ ਦੀਆਂ ਕਵਿਤਾਵਾਂ ਜਿਥੇ ਔਰਤ-ਮਰਦ ਸੰਬੰਧਾਂ ਦੇ ਕੜਵੇ ਯਥਾਰਥ ਨੂੰ ਰੂਪਮਾਨ ਕਰਦੀਆਂ ਹਨ ਉਥੇ ਆਮ ਸਧਾਰਨ ਔਰਤ ਦੀ ਸਥਿੱਤੀ ਅਤੇ ਉਸ ਦੀ ਹੋਂਦ ਦੇ ਪ੍ਰਗਟਾਅ ਵੀ ਆਮ ਮਿਲਦੇ ਹਨ। 'ਕਰੂਏ ਦਾ ਵਰਤ' ਕਵਿਤਾ ਵਿੱਚ ਉਸਨੇ ਪਰੰਪਰਾ ਨਾਲ ਪਰਨਾਈ ਨਾਰੀ ਦਾ ਬਹੁਤ ਖੂਬਸੂਰਤ ਬਿੰਬ ਚਿਤਰਿਆ ਹੈ ਜੋ ਪਤੀ ਦੀ ਲੰਮੀ ਉਮਰ ਲਈ ਦਿਨ ਭਰ ਭੁੱਖੀ ਪਿਆਸੀ ਰਹਿੰਦੀ ਹੈ ਇਥੇ ਨਾਰੀ ਲਈ ਪਰੰਪਰਾ ਨੂੰ ਇਕ ਬੇੜੀ ਵਾਂਗ ਤਸ਼ਵੱਰ ਨਹੀਂ ਕੀਤਾ ਗਿਆ ਬਲਕਿ ਕਵੀ

ਔਰਤਾਂ ਦੇ ਉਸ ਦ੍ਰਿਸ਼ਟੀਕੋਣ ਨੂੰ ਸਾਡੇ ਸਨਮੁੱਖ ਪੇਸ਼ ਕਰ ਰਿਹਾ ਹੈ ਜਿਥੇ ਔਰਤਾਂ ਪਰੰਪਰਾਗਤ ਕੀਮਤਾਂ ਨੂੰ ਨਿਭਾ ਕੇ ਖੁਸ਼ੀ ਮਹਿਸੂਸ ਕਰਦੀਆਂ ਹਨ। ਪਰੰਪਰਾਗਤ ਰਵਾਇਤਾ ਨੂੰ ਨਿਭਾਉਂਦੇ ਸਮੇਂ ਉਹ ਯਕੀਨ ਨਾਲ ਭਰੀਆਂ ਹੋਈਆ ਹਨ

ਮਨ ਹੀ ਮਨ
ਰੱਬ ਕੋਲੋਂ............
ਲੈਂਦੀਆਂ ਨੇ ਔਰਤਾਂ

(ਯਕੀਨ)

ਅਮਰਜੀਤ ਕੌਂਕੇ ਔਰਤ ਦੀ ਸਥਿਤੀ ਦੇ ਵਿਭਿੰਨ ਪਾਸਾਰਾਂ ਨੂੰ ਖੋਲਣ ਦੇ ਨਾਲ ਹੀ ਉਸ ਦੀ ਵਿਅਕਤੀਗਤ ਹੋਂਦ ਨੂੰ ਵੀ ਮਾਨਤਾ ਦਿੰਦਾ ਹੈ। ਉਸਦੀ ਨਾਰੀ ਸੰਵੇਦਨਾ ਦਾ ਇੱਕ ਅਹਿਮ ਪਾਸਾਰ ਇਹ ਵੀ ਹੈ ਕਿ ਜਿਥੇ ਇੱਕ ਪਾਸੇ 'ਮਰਦਾਵਾਂ' ਪ੍ਰਵਚਨ ਉਸ ਨੂੰ ਸਹਿਜ ਪਰਤਾ(other) ਦੇ ਰੂਪ ਵਿੱਚ ਪਰਿਭਾਸ਼ਤ ਕਰਦਾ ਹੈ ਉਥੇ ਕਵੀ ਨਾਰੀ ਨੂੰ ਉਸ ਮੁਕਾਮ ਤੇ ਬੈਠਿਆ ਵੇਖਦਾ ਹੈ ਜਿਥੇ 'ਪੁਰਸ਼' ਦਾ ਵਿਅਕਤੀਤਵ ਉਸ ਸਾਹਮਣੇ ਬਹੁਤ ਛੋਟਾ ਪ੍ਰਤੀਤ ਹੁੰਦਾ ਹੈ

ਪਤਾ ਨਹੀ, ਕਿੱਡੇ ਕੁ ਮਾਰੂਥਲ ਸਨ
ਉਸ ਅੰਦਰ
ਕਿ ਮੈਂ
ਜਿਸਨੂੰ ਆਪਣੇ ਜਲਸਰੋਤਾਂ ਤੇ, ਬਹੁਤ ਮਾਣ ਸੀ
ਉਸ ਦੀ ਦੇਹ ਵਿੱਚ
ਇੱਕ ਨਿੱਕੇ ਜਿਹੇ ਝਰਨੇ ਵਾਂਗ
ਡਿਗ ਕੇ ਸੁੱਕ ਜਾਂਦਾ

(ਸਿਮਰਤੀਆਂ ਦੀ ਲਾਲਟੈਣ)

ਕਵੀ ਨੇ ਸਮਾਜਿਕ ਕਦਰਾਂ-ਕੀਮਤਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਉਸ ਦੀ ਕਾਵਿ ਨਾਇਕਾ ਦੂਜੇ ਕਵੀਆਂ ਦੀਆਂ ਨਾਇਕਾਵਾਂ ਤੋਂ ਭਿੰਨ ਹਨ। ਉਸ ਦੀਆਂ ਨਾਇਕਾਵਾਂ ਜਿਥੇ ਪਰੰਪਰਾਗਤ ਰਿਸ਼ਤਿਆਂ ਵਿੱਚ ਬੱਝੀਆਂ ਹਨ ਉਥੇ ਸਮਾਨੰਤਰ ਨਵੇਂ ਰਿਸ਼ਤੇ ਸਿਰਜਦੀਆਂ ਅਤੇ ਮਾਣਦੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਵਰਤਮਾਨ ਹਲਾਤਾਂ ਉਪਭੋਗਤਾਵਾਦ ਖਪਤ ਸਭਿਆਚਾਰ ਪੂੰਜੀਵਾਦ ਅਤੇ ਬਜ਼ਾਰੀਕਰਨ ਦੇ ਪ੍ਰਭਾਵ ਸਦਕਾ ਨਾਰੀ ਨੇ ਆਪਣੇ ਹੱਕਾਂ ਲਈ ਜੱਦੋ-ਕਹਿਦ ਸ਼ੁਰੂ ਕੀਤੀ। ਪਿਤਰਕੀ ਪ੍ਰਬੰਧ ਦੁਆਰਾ ਥੋਪੀਆਂ ਰਵਾਇਤਾਂ ਨੂੰ ਨਿਭਾਉਣ ਤੋਂ ਉਹ ਸਿਰਫ ਇਨਕਾਰੀ ਹੀ ਨਹੀਂ ਹੁੰਦੀ ਬਲਕਿ ਪੁਰਸ਼ ਦੇ ਬਰਾਬਰ ਆਜਾਦੀ ਦਾ ਧਰਾਤਲ ਤਿਆਰ ਕਰਦੀ ਨਜ਼ਰ ਆਉਂਦੀ ਹੈ। ਸੰਚਾਰ ਅਤੇ ਤਕਨਾਲੋਜੀ ਦੇ ਪ੍ਰਭਾਵ ਸਦਕਾ ਨਾਰੀ-ਪੁਰਸ਼ ਰਿਸ਼ਤੇ ਦੀ ਪਰਿਭਾਸ਼ਾ ਅਤੇ ਮਾਪਦੰਡ ਬਦਲੇ। ਨਾਰੀ ਖੁਦ ਨਵੀਨ ਮਾਪਦੰਡ ਸਿਰਜ ਰਹੀ ਹੈ। ਕਾਮ ਅਤੇ ਕਾਮਨਾ ਜਿਹੇ ਵਿਸ਼ਿਆਂ ਤੇ ਅਧੀਨਗੀ ਸਵੀਕਾਰ ਕਰਨ ਵਾਲੀ ਨਾਰੀ ਇੱਕੋ ਸਮੇਂ ਮਰਦ 'ਮੈਂ' ਨੂੰ ਸੱਟ ਹੀ ਨਹੀਂ ਮਾਰਦੀ ਸਗੋਂ ਖੁੱਲ੍ਹਾ ਚੈਲੰਜ ਦਿੰਦੀ ਜਾਪਦੀ ਹੈ।

ਤੇ ਅੱਥਰੇ
ਖੋਰੂ ਪਾਉਂਦੇ
ਹਿਣਕਦੇ ਘੋੜਿਆਂ ਨੂੰ ਸੁੱਟ ਕੇ
ਤੂੰ ਸਦਾ ਕਿਸੇ
ਜੇਤੂ ਅੰਦਾਜ ਵਿੱਚ ਮੁਸਕਰਾਉਂਦੀ ਹੈ

(ਸ਼ਬਦ ਰਹਿਣਗੇ ਕੋਲ)

ਨਿਰੰਤਰ ਬਦਲ ਰਹੇ ਸਮਾਜਿਕ ਪਰਿਵੇਸ਼ ਵਿੱਚ ਨਾਰੀ ਦੀ ਸੋਚ ਵਿੱਚ ਤਬਦੀਲੀ ਆਉਣੀ ਸੁਭਾਵਿਕ ਹੈ। ਉਸ ਨੇ ਅਚੇਤ/ਸੁਚੇਤ ਦੋਹਾਂ ਰੂਪਾਂ ਵਿੱਚ ਇਸ ਤਬਦੀਲੀ ਨੂੰ ਸਵਿਕਾਰ ਕੀਤਾ। ਘਰ/ਪਰਿਵਾਰ ਨਾਲ ਜੁੜਿਆ ਪਵਿੱਤਰਤਾ ਦਾ ਸੰਕਲਪ ਟੁੱਟਦਾ/ਖੁਰਦਾ ਨਜ਼ਰ ਆਉਂਦਾ ਹੈ। ਕੌਂਕੇ ਦੀ ਕਾਵਿ ਨਾਇਕਾ ਕਾਮ ਕਾਮਨਾ ਅਤੇ ਨਿੱਜੀ ਲਾਲਸਾਵਾਂ ਦੀ ਪੂਰਤੀ ਹਿੱਤ ਅਨੈਤਿਕ ਕਾਰਜਾਂ ਵਿੱਚ ਲੀਨ ਹੋਈ ਦਿਸਦੀ ਹੈ। ਖਪਤ ਸਭਿਆਚਾਰ ਦਾ ਗ੍ਰਾਸ ਬਣਦੀ ਫੋਕੀ ਸ਼ੋਹਰਤ ਅਤੇ ਵਾਹਵਾਈ ਲਈ ਆਪਣੇ ਲਈ ਮਾਰੂ ਪ੍ਰਸਥਿਤੀਆਂ ਪੈਦਾ ਕਰ ਲੈਂਦੀ ਹੈ

ਤੇਰੀਆਂ ਅਥਰੀਆਂ ਲਾਲਸਾਵਾਂ
..................................

(ਸਿਮਰਤੀਆਂ ਦੀ ਲਾਲਟੈਣ)

ਕੌਂਕੇ-ਕਾਵਿ ਦੀ ਪਾਤਰ ਜਦੋਂ ਕਿਤੇ ਵੀ ਅਜਿਹੇ ਹਲਾਤ ਪੈਦਾ ਕਰਦੀ ਹੈ ਤਾਂ ਕੁੰਠਿਤ ਅਤੇ ਦੁਬਿਧਾਗ੍ਰਸਤ ਨਾਰੀ ਦਾ ਬਿੰਬ ਵੀ ਆਪ ਮੁਹਾਰੇ ਉਸ ਦੀ ਹੋਂਦ ਦਾ ਹਿੱਸਾ ਬਣ ਜਾਂਦਾ ਹੈ। ਜਦੋਂ ਵੀ ਉਹ ਅਨੈਤਿਕ ਰਿਸ਼ਤੇ ਦੇ ਭੋਗ ਵੱਲ ਵੱਧਦੀ ਹੈ ਉਦੋਂ ਸਮਾਂਨਤਰ 'ਆਨੰਦ' ਅਤੇ 'ਪਾਪ' ਦੀ ਦੂਹਰੀ ਚੇਤਨਾ ਨਾਲ ਵੀ ਜੁੜੀ ਹੁੰਦੀ ਹੈ। ਜੇਕਰ ਉਹ ਵਰਜਿਤ ਰਿਸ਼ਤੇ ਹੰਢਾਉਂਦੀ ਹੈ ਤਾਂ ਇਹਨਾਂ ਰਿਸ਼ਤਿਆਂ ਤੋਂ ਬਾਅਦ ਉਪਜਿਆ ਸੰਤਾਪ ਵੀ ਉਸ ਦਾ ਸਾਥੀ ਹੋ ਨਿਬੜਦਾ ਹੈ-

ਉਹਨਾਂ ਪਲਾਂ 'ਚ
ਉਸ ਦੀਆਂ ਅੱਖਾ 'ਚ
ਮੇਰੇ ਪ੍ਰਤੀ ਇੱਕ ਨਫਰਤ ਉਭਰਦੀ

(ਸਿਮਰਤੀਆਂ ਦੀ ਲੈਲਟੈਣ)

ਇੰਜ ਅਮਰਜੀਤ ਕੌਂਕੇ ਦੀ ਕਾਵਿ ਨਾਇਕਾ ਵਰਜਿਤ ਰਿਸ਼ਤਿਆਂ ਨੂੰ ਹੰਢਾ ਕੇ ਪਵਿੱਤਰਤਾ ਦਾ ਦੰਭ ਰੱਚਦੀ ਨਜ਼ਰ ਆਉਂਦੀ ਹੈ। ਔਰਤ ਨੇ ਜਦੋਂ ਵੀ ਨੈਤਿਕ ਕੀਮਤ ਪ੍ਰਬੰਧ ਨੂੰ ਤੋੜਨ ਦਾ ਯਤਨ ਕੀਤਾ ਹੈ ਤਾਂ ਉਸ ਦੀ ਹਾਲਤ ਵਿਚਲੀਆਂ ਮੱਛੀਆਂ ਵਰਗੀ ਹੁੰਦੀ ਹੈ ਜੋ 'ਫਿਸ਼ ਏਕੁਏਰੀਅਮ' ਦਾ ਕਾਰਨ ਬਣਦੀ ਹੈ। ਕੌਂਕੇ ਕਾਵਿ ਵਿਚਲੀ ਸਿਰਫ ਆਜਾਦੀ ਦਾ ਭਰਮ ਹੀ ਪਾਲ ਸਕਦੀਆਂ ਹਨ। ਇਹ ਵਕਤੀ ਆਜਾਦੀ ਨਾਰੀ ਲਈ ਪਤਨ ਆਧੁਨਿਕ ਵਰਤਾਰੇ ਦੇ ਪ੍ਰਭ-ਨਾਰੀ ਸੰਵੇਦਨਾ ਸਿਰਫ ਨਾਰੀ ਜਜ਼ਬਿਆਂ ਦ ਤਰਜ਼ਮਾਨੀ ਹੀ ਨਹੀਂ ਕਰਦੀ ਸਗੋਂ ਮਨੁੱਖੀ ਸੋਚ ਤੇ ਉੱਤਰ ਦੀ ਨਿਸ਼ਾਨ ਦੇਹੀ ਵੀ ਕਰਦੀ ਹੈ। ਉਸ ਦੀ ਕਵਿਤਾ ਉਪਭੋਗੀ ਕਲਚਰ ਵਿੱਚ ਤੇਜੀ ਨਾਲ ਪਰਿਵਰਤਿਤ ਹੋ ਰਹੇ ਮੁੱਲਪ੍ਰਬੰਧ ਨੂੰ ਵੀ ਆ-ਪਣੇ ਕਲੇਵਰ ਵਿੱਚ ਲੈਂਦੀ ਹੈ। ਪਿਤਰਕੀ ਅਤੇ ਐਟੀਂ ਪਿਤਰਕੀ ਪ੍ਰਬੰਧ ਦੀ ਕਸ਼ਮਕਸ਼ ਸਾਫ ਵਿਖਾਈ ਦਿੰਦੀ ਹੈ। ਜਿਥੇ ਔਰਤ ਨਾਂ ਤਾਂ ਖੁੱਲ ਕੇ ਮਰਿਆਦਾ ਦੇ ਹੱਕ ਵਿੱਚ ਭੁਗਤ ਸਕਦੀ ਹੈ ਅਤੇ ਨਾ ਹੀ ਪੁਰਸ਼ ਪ੍ਰਭੁਤਾ ਦੇ ਮੁੱਲ ਵਿਧਾ'ਨਤੋਂ ਨਿਜਾਤ ਪਾ ਸਕਦੀ ਹੈ। ਆਜ਼ਾਦੀ ਦਾ ਭਰਮ ' -ਥ ਨਿਭਾਉਂਦੇ ਹਨਹੀ ਉਸ ਦਾ ਸਾ 'ਚੋਰ ਦਰਵਾਜੇ' ਪਾਲਦਿਆਂ ਨਿੱਜੀ ਖਾਹਿਸਾਂ ਦੀ ਪੂਰਤੀ ਲਈ ਸਿਰਫ

ਪਰ ਆਪਾਂ ਇਸੇ ਤਰ੍ਹਾਂ
ਮਿਲਾਂਗੇ ਸਦਾ
ਚੋਰ ਦਰਵਾਜਿਆਂ ਚ ਨਿਕਲ ਕੇ'
............
ਮੁਹੱਬਤ ਦੇ ਗੀਤ ਗੁਣਗੁਣਾਵਾਂਗੀ

(ਸ਼ਬਦ ਰਹਿਣਗੇ ਕੋਲ)

ਕੌਂਕੇ ਕਾਵਿ ਵਿੱਚ ਦੇਹੀ ਸਰੋਕਾਰ ਇੱਕ ਪਾਸੇ ਦਾ ਪ੍ਰਭਾਵ ਵੀ ਸਿਰਜਦੇ ਹਨ। 'ਪਾਪ ਬੋਧ' ਵਜੋ ਪ੍ਰਸਤੁਤ ਹੋਏ ਹਨ ਦੂਜੇ ਪਾਸੇ 'ਆਨੰਦ' ਸੰਸਾਰ ਵਿੱਚ ਵਿਚਰਦੇ ਹਨ ਅਤੇ ਅੰਤ ਆਪਣੀਆਂ ਸੀਮਾਵਾਂ ਨੂੰ ਪਛਾਣਦੇ 'ਸਿਰਜਤ-ਨਵ' ਰੀ ਪਾਤਰ ਕੁਝ ਪਲਪਰੰਪਰਾ ਨੂੰ ਉਲੰਘਦੇ ਨਾ -:ਹੋਏ ਫਿਰ ਤੋਂ ਉਸੇ ਦਰ ਤੇ ਮੁੜ ਆਉਂਦੇ ਹਨ

ਜਿਨ੍ਹਾਂ ਲਛਮਣ ਰੇਖਾਵਾਂ ਨੂੰ
ਉਹ ਉਲੰਘ ਕੇ ਆਈ ਸੀ
ਉਹ ਫੇਰ ਉਹਨਾਂ ਦੀਵਾਰਾਂ 'ਚ ਪਰਤ ਗਈ

(....ਸਿਮਰਤੀਆਂ)

ਕੌਂਕੇ ਕਾਵਿ ਵਿਚਲੇ ਦੇਹ ਸਰੋਕਾਰਾਂ ਦੀ ਸਾਰਥਿਕਤਾ ਉਸ ਸਮੇਂ ਤੱਕ ਬਰਕਰਾਰ ਰਹਿੰਦੀ ਹੈ ਜਦੋਂ ਤੱਕ ਉਹ 'ਦੇਹੀ ਜਸ਼ਨ' ਵਿੱਚ ਵਟ ਨਹੀਂ ਜਾਂਦੇ। ਕੌਂਕੇ ਦਾ ਕਾਵਿ ਪ੍ਰਵਚਨ ਸਿਰਫ ਦੇਹੀ ਜਸ਼ਨ ਦੀ ਬਾਤ ਨਹੀਂ ਪਾਉਂਦਾ ਬਲਕਿ ਨਾਰੀ ਉਸਦੇ ਕਾਵਿ ਜਗਤ ਵਿੱਚ ਦੇ ਰੂਪ 'ਸੰਗਨੀ' -ਗ ਮਸਨੂਈ ਸੰਸਾਰ ਦਾ ਤਲਿੱਸਮੀ ਚੋਖਟਾ ਸਿਰਜਦਾ ਨਜ਼ਰ ਆਉਂਦਾ ਹੈਮੰ 'ਮਹਿਬੂਬ' ਵਿੱਚ ਪਰਿਭਾਸ਼ਤ ਹੋਈ ਹੈ। ਕਿਤੇ ਕਿਤੇ ਉਹ

ਨੇਮ ਪਲੇਟ
...........

ਇੰਜ ਹੀ ਉਸ ਅੰਦਰ ਪਨਪੀ ਕਾਵਿਕ ਭਾਵਨਾਂ ਜਦੋਂ ਸਮੂਹ ਤੋਂ ਨਿੱਜ ਵੱਲ ਮੁੜਦੀ ਹੈ ਤਾਂ ਇਹ ਕਾਮਨਾ/ ਚੇਤਨਾ ਉਸਦੀ ਮਨਇੱਛਿਤ ਮੰਗ ਨਹੀਂ ਰਹਿੰਦੀ ਬਲਕਿ ਹਲਾਤਾਂ ਦੀ ਦੇਣ ਬਣ ਜਾਂਦੀ ਹੈ। ਨਿਜਮੂਲਕ ਇਕਾਈਆਂ ਵਿੱਚ ਸੁੰਗੜੇ ਜੀਵਨ ਬੋਧ ਵਿੱਚੋਂ ਤ੍ਰਿਪਤੀ ਲੱਭਦੇ ਕਵੀ ਦਾ ਵਿਹਾਰ ਸਮੇਂ ਅਤੇ ਸਮਾਜ ਦੀਆਂ ਪ੍ਰਸਥਿਤੀਆਂ ਦਾ ਸਿੱਟਾ ਹਨ-

ਪਰ ਤੇਰੀਆਂ ਤਲੀਆਂ ਵਿੱਚੋਂ
ਮੋਹ ਦੀਆਂ
ਕੁਝ ਕੁ ਬੂੰਦਾ ਕੀ ਡਿੱਗੀਆਂ
ਕਿ ਮੇਰੇ ਕਣਕਣ ਵਿੱਚ-
ਫੇਰ ਪਿਆਸ ਜਾਗ ਪਈ
ਜਿਊਣ ਦੀ ਪਿਆਸ (ਪਿਆਸ)
ਆਪਣੇ ਅੰਦਰੋਂ
ਕੁਝ ਉਗਾਉਣ ਦੀ ਪਿਆਸ

ਨਿੱਜੀ ਪੱਧਰ ਤੇ ਵਿਚਰਦੇ ਕਵੀ ਲਈ ਉਸ ਲਈ ਅਥ 'ਮਹਿਬੂਬ' ਕਿਸੇ ਕਰਿਸ਼ਮੇ ਤੋਂ ਘੱਟ ਨਹੀਂ 'ਮਹਿਬੂਬ'ਾਂਹ ਕਰਤਾਰੀ ਸ਼ਕਤੀਆਂ ਦੀ ਮਾਲਕ ਹੈ ਜੋ ਆਪਣੀ ਇੱਕ ਪਿਆਰ ਛੋਹ ਨਾਲ ਮੁਰਦਾ ਲਾਸ਼ ਨੂੰ ਜ਼ਿੰਦਗੀ ਦੇ ਸਕਦੀ ਹੈ। ਕਵੀ ਨੂੰ ਜ਼ਿੰਦਗੀ ਦੇ ਉਹੀ ਪਲ ਹਸੀਨ ਲੱਗਦੇ ਹਨ ਜੋ ਉਸਨੇ ਆਪਣੀ ਮੁਹੱਬਤ ਨਾਲ ਗੁਜਾਰੇ ਹੁੰਦੇ ਹਨ।

ਉਹ ਪਲ ਸਾਰਥਕ ਨਿਕਲੇ
ਜ਼ਿੰਦਗੀ ਦੀ ਖਚਾਖਚ ਵਿੱਚੋਂ
ਜੋ ਤੂੰ ਮੇਰੇ ਲਈ ਕੱਢੇ (ਯਕੀਨ)
ਜੋ ਮੈਂ ਤੇਰੇ ਲਈ ਬਚਾਏ

ਅਮਰਜੀਤ ਕੋਂਕੇ ਪਿਆਰੇ ਨੂੰ ਜਿੰਦਗੀ ਜੀਣ ਦਾ ਜ਼ਰੀਆਂ ਮੰਨਦਾ ਹੈ ਅਤੇ ਪਿਆਰ ਦੇਣ ਵਾਲੀ ਪ੍ਰੇਮਿਕਾ ਉਸ ਲਈ ਕਿਸੇ ਦੈਵੀਪਵਿੱਤਰ , ਅਹਿਸਾਸ ਵਾਂਗ ਹੈ। ਇਸੇ ਕਰਕੇ ਉਹ ਮਹਿਬੂਬ ਦੀ ਪ੍ਰਸ਼ੰਸਾ ਵਿੱਚ ਲਿਖਦਾ ਹੈ।

ਉਹ ਜੋ ਖੁਦ ਕਵਿਤਾ ਵਰਗੀ ਹੈ
ਮੈਨੂੰ ਆਖੇ,
ਮੇਰੇ ਤੇ ਇੱਕ ਕਵਿਤਾ ਲਿਖ ਦੇ......

ਅਮਰਜੀਤ ਕੌਂਕੇ ਨਾਰੀ ਮਨ ਅੰਦਰ ਲੁੱਕੇ ਡੂੰਘੇ ਭੇਦ ਨੂੰ ਬੁੱਝਣ ਦੀ ਕੈਫੀਅਤ ਰੱਖਦਾ ਹੈ। ਨਾਰੀ ਨਾਲ ਜੁੜੀ ਉਸ ਦੀ ਲਗਭਗ ਹਰ ਕਵਿਤਾ ਉਪਰੋਕਤ ਕਥਨ ਦੀ ਤਰਜਮਾਨੀ ਕਰਦੀ ਹੈ। ਕਵੀ ਇਹ ਤੱਥ ਭਲੀਭਾਂਤ ਜਾਣਦਾ ਹੈ ਕਿ ਨਾਰੀ ਆਪਣਾ ਪਿਆਰ ਕਿਸੇ ਵੀ ਕੀਮਤ ਤੇ ਦੂਜੀ - ਵੰਡ ਸਕਦੀ। ਇਸੇ ਕਰਕੇ ਕਵੀ ਖੁਦ ਇਹ ਮਹਿਸੂਸ ਕਰਦਾ ਹੋਇਆ ਕਹਿੰਦਾ ਹੈ ਔਰਤ ਨਾਲ ਨਹੀਂ

ਮੈਂ ਜਾਣਦਾ ਹਾਂ
ਤੂੰ ਮੈਨੂੰ ਸੰਪੂਰਨ ਚਾਹੁੰਦੀ ਹੈ
ਪੂਰੇ ਦਾ ਪੂਰਾ
ਸਾਲਮ ਇੱਕੋਇੱਕ-
ਜੋ ਸਦਾ ਤੇਰਾ
ਤੇ ਸਿਰਫ ਤੇਰਾ ਹੋਵੇ

ਕਵੀ ਭਾਰਤੀ ਨਾਰੀ ਦੇ ਅਵਚੇਤਨ ਤੋਂ ਵਾਕਿਫ ਹੈ'ਪਿਆਰ ਕਬਜਾਂ ਨਹੀਂ ਪਛਾਣ ਹੈ' ਉਹ ਜਾਣਦਾ ਹੈ ਕਿ , ਜਿਹੀ ਉਕਤੀ ਉਸਦੀ (ਰੀਨਾ) ਦੀ ਚੇਤਨਾ ਦੇ ਕਿਵੇਂ ਵੀ ਮੇਚ ਨਹੀਂ ਆ ਸਕਦੀ। ਉਸ ਲਈ ਤਾਂ ਪਿਆਰ ਕਬਜਾ ਹੀ ਹੈ। ਕਵੀ ਦੇ ਨੁਕਤੇਨਿਗਾਂਹ ਵਿੱਚ ਔਰਤਤਵ ਦੇ - ਆਹਿਸਾਸ ਤੋਂ ਸੱਖਣੀ ਨਾਰੀ ਸੰਵੇਦਨਹੀਨ ਮੁਰਦੇ ਵਾਂਗ ਹੈ ਜੋ ਸਿਰਫ ਮਤਲਬ ਲਈ ਜਿੰਦਗੀ ਗੁਜਾਰ ਰਹੀ ਹੈ। ਇਹੋ ਜਿਹੀ ਨਾਰੀ ਨੂੰ ਕਵੀ 'ਗੋਰੀ ਮਿੱਟੀ ਕਹਿ ਕੇ ਸੰਬੋਧਿਤ ਹੁੰਦਾ ਹੈ-

ਮਿੱਟੀ ਰਹਿ ਗਈ ਉਹ
ਨਿਰੀ ਗੋਰੀ ਮਿੱਟੀ
ਆਪਣੇ ਹੁਸਨ ਦੇ ਗਰੂਰ 'ਚ ਗੁੰਨੀ ਹੋਈ
ਸਿਰਫ ਆਪਣੇ ਆਪ ਦੀ (ਪਿਆਸ)
ਪਰਿਕਰਮਾ ਕਰਦੀ ਹੋਈ......

ਅਮਰਜੀਤ ਕੌਂਕੇ ਦੀ ਕਵਿਤਾ ਵਿੱਚ ਜਦੋਂ ਨਾਰੀ ਦੀ ਗੱਲ 'ਦੇਹ'ਤੁਰਦੀ ਹੈ ਤਾਂ ਇਹ ਤੱਥ ਵੀ ਉਜਾਗਰ ਹੁੰਦਾ ਹੈ ਕਿ ਕਵੀ ਕਿਸੇ ਵੀ ਪੱਧਰ ਤੇ ਨਾਰੀ ਨੂੰ 'ਵਿਕਾਊ ਵਸਤ' ਵਾਂਗ ਨਹੀਂ ਕਿਆਸਦਾ। ਕਵੀ ਨਾਰੀ ਦੀ ਆਤਮਾਂ ਦੀ ਸੁੱਚਮ ਨੂੰ ਮਹਿਸੂਸ ਕਰਦਾ ਹੈਂ। ਲੱਖਾਂ ਕੋਹਾਂ ਦਾ ਪੈਂਡਾ ਤਹਿ ਕਰਕੇ, ਕਿੰਨੇ ਹੀ ਜੰਗਲਾਂ ਦੀ ਵੀਰਾਨੀ ਸਹਿਣ ਤੋਂ ਬਾਅਦ ਕਵੀ ਮਹਿਬੂਬ ਦੀ ਦਰਗਾਹ ਤੋਂ ਅਲਖ ਜਗਾਉਂਦਾ ਹੋਇਆ ਕਹਿੰਦਾ ਹੈ

ਸਫੈਦ ਪੰਨੇ ਜਿਹਾ ਹਾਂ ਮੈਂ
ਮੇਰੇ ਤੇ ਇੱਕ ਸ਼ਬਦ ਲਿਖਦੇ
ਮੁਹੱਬਤ......

ਔਰਤ ਭਾਵੇਂ ਜ਼ਜਬਾਤੀ ਹੋ ਮੁਹੱਬਤ ਦੇ ਰਸਤੇ ਤੁਰ ਪੈਂਦੀ ਹੈ ਪਰੰਤੂ ਸਮਾਜਿਕ ਮਰਿਆਦਾ ਉਸ ਦਾ ਪਿੱਛਾ ਨਹੀਂ ਛੱਡਦੀ। ਉਸ ਦੇ ਅਵਚੇਤਨ ਵਿੱਚ ਪਿਤਰਕੀ ਸੰਸਕਾਰ ਇਸ ਕਦਰ ਭਾਰੂ ਹੁੰਦੇ ਹਨ ਕਿ ਉਹ ਚਾਹ ਕੇ ਵੀ ਇਹਨਾਂ ਸੰਸਕਾਰਾਂ ਤੋਂ ਮੁਕਤ ਨਹੀਂ ਹੋ ਸਕਦੀ।

ਜਦੋਂ ਕਿਤੇ ਉਹ ਘਰ ਦੀ ਦਹਿਲੀਜ਼ ਪਾਰ ਕਰਨ ਦੀ ਕੋਸ਼ਿਸ ਕਰਦੀ ਹੈ ਤਾਂ ਉਸ ਅੰਦਰ ਸ਼ਹਿ ਵੱਟ ਕੇ ਬੈਠੇ ਸੰਸਕਾਰ ਅਤੇ ਪੁਰਾਤਨ ਰਵਾਇਤਾਂ ਉਸ ਨੂੰ ਅਜਿਹਾ ਕਰਨ ਤੋਂ ਵਰਜਦੀਆਂ ਹਨ। ਇੰਜ ਨਾਰੀ ਆਪਣੇ ਆਪ ਨੂੰ ਕਸ਼ਮਕਸ਼ ਵਿੱਚ ਫਸੀ ਮਹਿਸੂਸ ਕਰਦੀ ਹੈ। ਪਰੰਪਰਾ ਨਾਲ ਮੋਹ ਉਸ ਨੂੰ ਅੱਗੇ ਵੱਧਣ ਤੋਂ ਰੋਕਦਾ ਹੈ

ਕੁਝ ਕੁ ਕਦਮ ਹੀ ਤੁਰੇ ਸਾਂ
ਕਿ ਉਸਨੇ ਸਮੁੰਦਰ ਦੇ ਐਣ ਵਿਚਕਾਰ
ਲਹਿਰਾਂ ਦੀ ਭਿਆਨਕਤਾ ਦੇਖੀ
ਉਸ ਦੀਆਂ ਅੱਖਾਂ ਵਿੱਚ
ਸਹਿਮ ਦੀ ਪਰਛਾਈ ਜਿਹੀ ਉਭਰੀ
ਉਸ ਨੇ ਮੇਰੇ ਹੱਥ 'ਚ ਆਪਣਾ ਹੱਥ
ਪਿਛਾਂਹ ਨੂੰ ਖਿੱਚਿਆਤੇ ਬ ,ੋਲੀ
ਮੈਨੂੰ ਮੁੜ ਜਾਣ ਦੇ.........

ਅਮਰਜੀਤ ਕੌਂਕੇ ਕਾਵਿ ਦੀ ਨਾਇਕਾ ਮੱਧ ਵਰਗੀ ਪਰਿਵਾਰ ਦੀ ਪੜੀ ਲਿਖੀ ਨਾਰੀ ਹੈ ਜੋ ਉੱਤਰ ਅਧੁਨਿਕਤਾ ਦੇ ਪ੍ਰਭਾਵ ਹੇਠ ਹੈ। ਕਾਵਿ ਨਾਇਕਾ ਵਿਆਹ ਸੰਬੰਧਾ ਤੋਂ ਅਤ੍ਰਿਪਤ ਪਰਾਏ ਮਰਦ ਵੱਲ ਨੱਠਦੀ ਲੱਛਦੀ ਨਜ਼ਰ ਆਉਂਦੀ ਹੈ। ਨਾਇਕਾ ਨੂੰ ਪਤੀ ਦੀਆਂ ਪਦਾਰਥਕ ਸੁੱਖ-ਸਹੂਲਤਾਂ ਅਤੇ ਸਮਾਜਿਕ ਰੁਤਬ ਾ ਉਸ ਦੀ ਮਾਨਸਿਕ ਭਟਕਵਾ ਸਾਹਮਣੇ ਹੀਣ ਲੱਗਦਾ ਹੈ। ਇਸ ਨਾਰੀ ਦੇ ਵਿਸ਼ਾਦ ਦਾ ਕਾਰਨ ਮਰਦ ਪ੍ਰਭੂਸੱਤਾ ਨਹੀਂ ਬਲਕਿ ਉਹ ਅਧੁਨਿਕ ਤੰਤਰ ਹੈ ਜਿਸ ਦੇ ਭਰਮ ਸਦਕਾ ਉਹ ਅਨੈਤਿਕ ਰਿਸ਼ਤੇ ਬਣਾਉਣ ਲਈ ਤਤਪਰ ਹੁੰਦੀ ਹੈ।

ਅਮਰਜੀਤ ਕੌਂਕੇ ਦੀਆਂ ਬਹੁਤੀਆਂ ਕਵਿਤਾਵਾਂ ਅਜਿਹੀ ਕਾਵਿਨਾਇਕਾ ਦੀ ਮਾਨਸਿਕਤਾ ਦਾ ਨਿੱਗਰ ਬਿੰਬ ਪੇਸ਼ ਕਰਦੀਆਂ ਹਨ-। ਪਰ ਕਵੀ ਦੇ ਹੀ ਸਰੋਕਾਰਾਂ ਨਾਲ ਸਬੰਧਿਤ ਕਵਿਤਾਵਾਂ ਲਿਖਣ ਦਾ ਅਨੁਯਾਈ ਨਹੀਂ ਬਲਕਿ ਉਹ ਨਾਰੀ ਦੇ ਹਰ ਉਸ ਵਰਤਾਰੇ ਤੇ ਕਿੰਤੂ ਕਰਦਾ ਹੈ ਜੋ ਸਮਾਜ ਦੇ ਸਾਵੇਂ ਪ੍ਰਬੰਧ ਤੇ ਸਵਾਲੀਆ ਨਿਸ਼ਾਨ ਬਣਦੀ ਹੋਵੇ। ਸ਼ਾਇਦ ਇਸੇ ਕਰਕੇ ਕਵੀ ਪੰਜ ਮੁਲਾਕਾਤਾਂ ਦੀ ਕਾਵਿ ਨਾਇਕਾ ਦੀ ਹਾਲਤ ਤੇ ' ਤੜਪ ਉਠਦਾ ਹੈ

ਮੈਂ ਲੋਕਾਂ ਨੂੰ ਤੇਰੇ ਅੰਗਾ ਦੀ
ਪ੍ਰਸੰਸਾਤਮਕ ਆਲੋਚਨਾ ਕਰਦੇ ਤੱਕਿਆ
ਮੈਂ ਆਪਣੇ ਅੰਦਰੋਂ
ਕਿੰਨਾ ਕੁਝ ਟੁੱਟਦੇ ਤੱਕਿਆ
ਕਿੰਨਾ ਕੁਝ ਮਰਦੇ ਤੱਕਿਆ

ਇੰਜ ਕਵੀ ਜਿਥੇ ਨਾਰੀ ਦੇ ਨਵੇਕਲੇ ਅੰਦਾਜ ਤੋਂ ਪ੍ਰਭਾਵਿਤ ਹੈ ਉਥੇ ਉਹ ਉਸ ਪਿਤਰਕੀ ਵਿਹਾਰ ਤੇ ਵੀ ਚੋਟ ਕਰਦਾ ਹੈ ਜਿਸ ਸਦਕਾ ਉਹ ਵਸਤੂ ਦੇ ਰੂਪ ਵਿੱਚ ਵਿਚਾਰੀ ਜਾਂਦੀ ਹੈ। ਕਵੀ ਲਈ ਨਾਰੀ 'ਸਬਲਾ' ਤੇ 'ਅਬਲਾ' ਦੋਹਾਂ ਰੂਪਾਂ ਵਿੱਚ ਰੂਪਮਾਨ ਹੋ ਸਕਦੀ ਹੈ। ਇਸੇ ਕਰਕੇ ਉਹ ਕਹਿੰਦਾ ਹੈ-

ਨਦੀਓ, ਤੁਹਾਡੀ ਥਾਂਹ ਨਹੀਂ ਪਾਈ
ਜਦੋਂ ਪਿਆਰ ਕਰਦੀਆਂ
ਤਾਂ ਧਰਤੀ 'ਚ ਕਿੰਨੀਆਂ ਜਿਣਸਾਂ
ਕਿੰਨੇ ਰੂਪਾਂ 'ਚ ਵੱਟ ਕੇ
ਜੀਵਨ ਨੂੰ ਤੁਰਦਾ ਰੱਖਦੀਆਂ
ਖੂੰਖਾਰ ਹੁੰਦੀਆਂ

(...ਸਿਮਰਤੀਆਂ)

ਤਾਂ ਤਹਿਸਨਹਿਸ ਕਰ ਸੁੱਟਦੀਆਂ-
ਸਾਰਾ ਆਲਾਦੁਆਲਾ-

ਅਤ੍ਰਿਪਤ ਨਾਰੀ ਦਾ ਬਿੰਬ ਕੌਂਕੇ ਦੀਆਂ ਕਵਿਤਾਵਾਂ ਵਿੱਚੋਂ ਵਾਰਵਾਰ ਉਭਰ ਕੇ ਸਾਹਮਣੇ ਆਉਂਦਾ ਹੈ। ਮਾਨਸਿਕ ਭਟਕਣਾਂ ਉਸ ਨੂੰ ਘਰ ਦੀ -ਚਾਰਦੀਵਾਰੀ ਅੰਦਰ ਟਿਕਣ ਨਹੀਂ ਦਿੰਦੀ। ਅਜਿਹੇ ਹਲਾਤਾਂ ਵਿੱਚ ਵਰਜਿਤ ਰਿਸ਼ਤਿਆਂ ਦਾ ਹੋਂਦ ਵਿੱਚ ਆਉਣਾ ਸੁਭਾਵਿਕ ਅਮਲ ਜਾਪਦਾ -ਹੈ

ਉਸਦੀ ਉਮਰ ਵਿੱਚ ਆਇਆ ਉਦੋਂ ਪਿਆਰ
ਜਦੋਂ ਉਸਦੇ ਬੱਚਿਆਂ ਦੀ ਪਿਆਰ ਕਰਨ ਦੀ ਉਮਰ ਸੀ

(....ਸਿਮਰਤੀਆਂ)

ਅਮਰਜੀਤ ਕੌਂਕੇ ਦੀ ਕਵਿਤਾ ਵਿੱਚ ਨਾਰੀ ਸਮਾਜਿਕ ਖੁੱਲਾਂ ਲੈਣ ਵੱਲ ਅਗਰਸਰ ਨਜ਼ਰ ਆਉਂਦੀ ਹੈ। ਉਸ ਦੀਆਂ ਕਵਿਤਾਵਾਂ ਵਿੱਚ ਉਹ ਨਾਰੀ ਵਧੇਰੇ ਦ੍ਰਿਸ਼ਟੀਗਤ ਹੋਈ ਹੈ ਜੋ ਨੈਤਿਕ ਮੁੱਲ ਵਿਧਾਨ-ਨੂੰ ਪਾਸੇ ਰੱਖਸਿਰਫ ਵਰਤਮਾਨ ਨੂੰ ਮ ,ਾਨਣ ਵਿੱਚ ਵਿਸ਼ਵਾਸ ਰੱਖਣ ਵਾਲੀ ਹੈ। ਇਹ ਭਾਰਤੀ ਨਾਰੀ ਦਾ ਆਧੁਨਿਕ ਪਰ ਸਮਾਜਿਕ ਮਰਿਆਦਾ ਮੁਤਾਬਕ ਖੰਡਿਤ ਬਿੰਬ ਹੈ। ਕਵੀ ਅਜਿਹਾ ਸਸਤੀ ਸ਼ੋਹਰਤ ਖੱਟਣ ਲਈ ਨਹੀਂ ਕਰਦਾ ਬਲਕਿ ਨੈਤਿਕਮੁੱਲ ਵਿਧਾਨ ਵਿੱਚ ਆਏ ਪਰਿਵਰਤਨਾਂ ਕਾਰਨ ਅਜਿਹਾ ਵਾਪਰਨਾ ਸੁਭਾਵਿਕ ਅਮਲ ਹੈ। ਉਸ ਦੀ ਕਵਿਤਾ ਸੰਬੰਧੀ -ਸਖਦੇਵ ਸਿੰਘ ਦੀ ਟਿੱਪਣੀ ਬੜੀ ਸਾਰਥਿਕ ਸਿੱਧ ਹੁੰਦੀ ਹੈ। .ਡਾ

"ਕੌਂਕੇ ਦੀ ਕਵਿਤਾ ਵਿੱਚ ਪ੍ਰਕਿਰਤਕ ਪੱਧਰ ਤੇ ਦੇਹਵਰਜਣਾਵਾਂ ਪ੍ਰਤੀ ਰੋਸ ਦਾ ਹੀ ਇੱਕ ਪਾਸਾਰ  ਪਿਆਸ ਦੀ ਤ੍ਰਿਪਤੀ ਦੀ ਖੁੱਲ ਸਮਾਜਿਕ-"ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ। 'ਦੇਹਵਾਦ' ਇਸ ਨੂੰ ਕੇਵਲ ,ਹੈ

(14 ਅਮਰਜੀਤ ਕੌਂਕੇ ਕਾਵਿ ਸਿਰਜਣਾ ਤੇ ਸੰਵਾਦ ਪੰਨਾ)

ਅਮਰਜੀਤ ਕੌਂਕੇ ਦੀ ਕਾਵਿ ਸਿਰਜਣਾ ਵਿੱਚ ਨਾਰੀ ਪਰੰਪਰਾਗਤ ਰੂਪ ਤੋਂ ਹੁੰਦੀ ਹੋਈ ਅਧੁਨਿਕਤਾ ਦੇ ਪ੍ਰਭਾਵ ਹੇਠ ਵਿਚਰਦੀ ਕਈ ਰੂਪਾਂ ਵਿੱਚ ਰੂਪਮਾਨ ਹੋਈ ਹੈ। ਕਵੀ ਨੇ ਨਾਰੀ ਸੰਵੇਦਨਾਂ ਦੇ ਪੱਖ ਤੋਂ ਨਾਰੀ ਆਵਦੇ ਤਨ ਦੇ ਸੁੱਖਮ ਤੋਂ ਸੁੱਖਮ ਅਹਿਸਾਸ ਨੂੰ ਪਕੜਣ ਦੀ ਕੋਸ਼ਿਸ ਕੀਤੀ ਹੈ ਚਾਹੇ ਨਾਰੀ ਮਾਂ ਦੇ ਰੂਪ ਵਿੱਚ ਦ੍ਰਿਸ਼ਟੀਗਤ ਹੈ ਜਾਂ ਫਿਰ ਪਤਨੀਅਲੱਗ-ਮਹਿਬੂਬਾ ਆਦਿ ਦੇ ਅਲੱਗ , ਰੂਪਾਂ ਵਿੱਚ ਚਿਹਨਿਤ ਹੋਈ ਹੈ। ਅਮਰਜੀਤ ਕੌਂਕੇ ਨੇ ਨਾਰੀ ਦੇ ਸਾਥ ਨੂੰ ਸਦੀਂਵੀ ਚਿਹਨ ਵਜੋਂ ਵਰਤਿਆ ਹੈ ਉਸ ਲਈ ਨਾਰੀ ਦੀ ਹੋਂਦ ਦੇ ਅਰਥ ਕੁਝ ਇਸ ਤਰ੍ਹਾਂ ਹਨ-

ਤੇਰੇ ਤੋਂ ਬਿਨਾਂ
ਮੇਰੀ ਹਰ ਖੁਸ਼ੀ
ਮੇਰੀ ਹਰ ਉਦਾਸੀ ਨੇ (...ਸਿਮਰਤੀਆਂ)
ਵਿਧਵਾ ਦੀ
ਜੂਨ ਭੋਗੀ ਹੈ

ਇੰਜ ਕੌਂਕੇ ਕਾਵਿ ਪ੍ਰਵਚਨ ਵਿੱਚ ਨਾਰੀ ਚੇਤਨਾ ਹਾਸ਼ੀਆਗਤ ਹੋਂਦ ਤੋਂ ਆਧੁਨਿਕਤਾ ਦੇ ਨਵੇਂ ਦਿਸਹੋਂਦਿਆਂ ਤੱਕ ਫੈਲਦੀ ਨਜ਼ਰ ਆਉਂਦੀ ਹੈ, ਅਜਿਹਾ ਕਵੀ ਦੀ ਦੂਰਰਿਸ਼ਟੀ ਅਤੇ ਵਿਦਵਤਾ ਦਾ ਨਤੀਜਾ ਹੈ।